Final P-1

ਪੰਜਾਬ ਸਕੂਲ ਸਿੱਖਿਆ ਬੋਰਡ
ਨਮੂਨਾ ਮੁਲਾਂਕਣ-ਪੱਤਰ, ਮਾਰਚ 2020
ਜਮਾਤ: ਤੀਜੀ
ਵਿਸ਼ਾ: ਪੰਜਾਬੀ

ਵਿਦਿਆਰਥੀ ਦਾ ਨਾਂ..... ਰੋਲ ਨੰ.....
ਜਮਾਤ..... ਮਿਤੀ.....
ਸਮਾਂ : 3 ਘੰਟੇ ਕੁੱਲ ਅੰਕ : 80

1) ਹੇਠਾਂ ਦਿੱਤੇ ਹੋਏ ਪੈਰੇ ਨੂੰ ਪੜ੍ਹੋ ਅਤੇ ਪ੍ਰਸ਼ਨਾਂ ਦੇ ਉੱਤਰ ਦਿਓ: 10 ਅੰਕ

ਦਾਦੀ ਮਾਂ ਬੜੇ ਸਫ਼ਾਈ-ਪਸੰਦ ਹਨ। ਰਸੋਈ ਵਿੱਚ ਕੰਮ ਕਰਨ ਤੋਂ ਪਹਿਲਾਂ ਉਹ ਹੱਥ ਧੋਂਦੇ। ਉਹ ਸਾਨੂੰ ਚੇਤੇ ਕਰਾਉਂਦੇ ਕਿ ਖਾਣਾ ਖਾਣ ਤੋਂ ਪਹਿਲਾਂ ਹੱਥ ਧੋਣੇ ਚਾਹੀਦੇ ਹਨ। ਖਾਣਾ ਖਾਣ ਤੋਂ ਪਿੱਛੋਂ ਉਹ ਆਪ ਵੀ ਕੁਰਲੀ ਕਰਦੇ। ਉਹਨਾਂ ਦੇ ਕਹਿਣ 'ਤੇ ਅਸੀਂ ਵੀ ਕੁਰਲੀ ਅਤੇ ਬੁਰਸ਼ ਕਰਦੇ। ਘਰ ਵਿੱਚ ਕੋਈ ਪਾਣੀ ਨੂੰ ਐਵੇਂ ਡੋਲ੍ਹ ਦਿੰਦਾ ਤਾਂ ਦਾਦੀ ਮਾਂ ਗ਼ੁੱਸੇ ਹੁੰਦੇ। ਦਾਦੀ ਮਾਂ ਸਬਜ਼ੀਆਂ ਧੋਣ ਲਈ ਵਰਤੇ ਗਏ ਪਾਣੀ ਨੂੰ ਬੂਟਿਆਂ ਵਿੱਚ ਪਾ ਦਿੰਦੇ।

ਪ੍ਰਸ਼ਨ 1- ਦਾਦੀ ਮਾਂ ਸਾਨੂੰ ਕੀ ਚੇਤੇ ਕਰਾਉਂਦੇ ਹਨ?

ਉੱਤਰ-.....

ਪ੍ਰਸ਼ਨ 2- ਦਾਦੀ ਮਾਂ ਕਦੋਂ ਗੁੱਸੇ ਹੁੰਦੇ ਹਨ?

ਉੱਤਰ-.....

ਪ੍ਰਸ਼ਨ 3- ਦਾਦੀ ਮਾਂ ਸਬਜ਼ੀਆਂ ਧੋਣ ਲਈ ਵਰਤੇ ਗਏ ਪਾਣੀ ਦਾ ਕੀ ਕਰਦੇ ਸਨ?

ਉੱਤਰ-.....

ਪ੍ਰਸ਼ਨ 4- ਇਸ ਪੈਰੇ ਤੋਂ ਸਾਨੂੰ ਕੀ ਸਿੱਖਿਆ ਮਿਲਦੀ ਹੈ?

ਉੱਤਰ-.....

ਪ੍ਰਸ਼ਨ 5- ਦਾਦੀ ਮਾਂ ਖਾਣਾ ਖਾਣ ਤੋਂ ਬਾਅਦ ਕੀ ਕਰਦੇ ਸਨ ?

ਉੱਤਰ-.....

2) ਠੀਕ ਉੱਤਰ ਅੱਗੇ ਸਹੀ ਦਾ ਨਿਸ਼ਾਨ ਲਗਾਓ। ਹਰ ਪ੍ਰਸ਼ਨ ਦਾ 1 ਅੰਕ ਹੋਵੇਗਾ। 16 ਅੰਕ

1 ਲਾਲ ਬੱਤੀ ਹੋਣ 'ਤੇ ਸਾਨੂੰ ਕੀ ਕਰਨਾ ਚਾਹੀਦਾ ਹੈ?

ੳ) ਤੁਰ ਜਾਣਾ ਚਾਹੀਦਾ ਅ) ਰੁਕਣਾ ਚਾਹੀਦਾ ੲ) ਭੱਜਣਾ ਚਾਹੀਦਾ

2 ਕਿਸ ਨੇ ਸੜਕ ਤੋਂ ਪੱਥਰ ਪਾਸੇ ਹਟਾਇਆ?

ੳ) ਖ਼ਰਗੋਸ਼ ਨੇ ਅ) ਕੁੱਤੇ ਨੇ ੲ) ਖ਼ਰਗੋਸ਼, ਕੁੱਤੇ ਅਤੇ ਚੂਹੇ ਨੇ ਰਲ਼ ਕੇ

3 ਇਨਸਪੈਕਟਰ ਨੇ ਗਾਂਧੀ ਜੀ ਦੀ ਜਮਾਤ ਵਿੱਚ ਆ ਕੇ ਕਿੰਨੇ ਸ਼ਬਦ ਲਿਖਣ ਲਈ ਕਿਹਾ?

ੳ) ਚਾਰ ਅ) ਪੰਜ ੲ) ਤਿੰਨ

P-II

4. ਅਥਾਹ ਸ਼ਬਦ ਦਾ ਅਰਥ ਹੈ?

ੳ) ਬਹੁਤ ਘੱਟ ਅ) ਬਹੁਤ ਜ਼ਿਆਦਾ ਇ) ਅਧੂਰਾ

5. ਖ਼ੁਸ਼ਹਾਲ ਸਿੰਘ ਕਿਸ ਦੇ ਰਾਜ ਵਿੱਚ ਪਹਿਰੇਦਾਰ ਸੀ?

ੳ) ਮਹਾਰਾਜਾ ਹਰਿੰਦਰ ਸਿੰਘ ਅ) ਮਹਾਰਾਣਾ ਪਰਤਾਪ ਸਿੰਘ ਇ) ਮਹਾਰਾਜਾ ਰਣਜੀਤ ਸਿੰਘ

6. ਮੱਕੜੀ ਦੀ ਹਿੰਮਤ ਦੇਖ ਕੇ ਰਾਜਾ ਬਹੁਤ.....ਹੋਇਆ।

ੳ) ਉਦਾਸ ਅ) ਖ਼ੁਸ਼ ਇ) ਗ਼ੁੱਸਾ

7. ਚਿੱਠੀਆਂ ਕੌਣ ਵੰਡਦਾ ਹੈ?

ੳ) ਪੁਲਿਸ ਵਾਲਾ ਅ) ਡਾਕੀਆ ਇ) ਚੌਕੀਦਾਰ

8. ਇੰਜਣ ਦੀ ਥਾਂ ਕਿਸ ਨੂੰ ਖੜ੍ਹਾਇਆ ਗਿਆ ਸੀ?

ੳ) ਰੇਸ਼ਮਾ ਨੂੰ ਅ) ਤੇਜੇ ਨੂੰ ਇ) ਅਵਤਾਰ ਨੂੰ

9. ਦਰਿਆ ਨੇ ਬਿਰਖੂ ਨੂੰ ਲੱਕੜਾਂ ਕੱਟਣ ਦੇ ਨਾਲ -ਨਾਲ ਕੀ ਲਗਾਉਣ ਲਈ ਕਿਹਾ ਸੀ?

ੳ) ਪਾਣੀ ਅ) ਰੁੱਖ ਇ) ਲੱਕੜਾਂ

10. ਤੋਤਾ ਕਿਸ ਵਿੱਚ ਕੈਦ ਸੀ ?

ੳ) ਜਾਲ ਅ) ਪਿੰਜਰਾ ਇ) ਘਰ

11. ਬਸੰਤ ਕਵਿਤਾ ਵਿੱਚ ਕਿਹੜੇ ਰੰਗ ਦਾ ਜ਼ਿਕਰ ਨਹੀਂ ਹੋਇਆ ਸੀ ?

ੳ) ਹਰਾ ਅ) ਪੀਲ਼ਾ ਇ) ਕਾਲ਼ਾ

12. ਡਾਕਖ਼ਾਨਾ ਜ਼ਰੂਰੀ ਚਿੱਠੀਆਂ ਜਲਦੀ ਕਿਵੇਂ ਪਹੁੰਚਾਉਂਦਾ ਹੈ?

ੳ) ਈ-ਮੇਲ ਰਾਹੀਂ ਅ) ਟੈਲੀਫ਼ੂਨ ਰਾਹੀਂ ਇ) ਸਪੀਡ-ਪੋਸਟ ਰਾਹੀਂ

13. ਕੁੜੀਆਂ ਨੂੰ ਆਪਣੇ-ਆਪਣੇ ਘਰ ਜਾਣ ਲਈ ਕਿਸ ਨੇ ਕਿਹਾ?

ੳ) ਚਰਨੋ ਦੀ ਮਾਂ ਨੇ ਅ) ਛਿੰਦੀ ਦੀ ਮਾਂ ਨੇ ਇ) ਸਿਮਰਨ ਦੀ ਮਾਂ ਨੇ

14. ਪਰਿਕਰਮਾ ਦਾ ਸਮਾਨਾਰਥਕ-ਕਿਹੜਾ ਹੈ?

ੳ) ਇੱਕ ਪਾਸੇ ਘੁੰਮਣ ਦਾ ਰਸਤਾ ਅ) ਚਾਰੇ ਪਾਸੇ ਘੁੰਮਣ ਦਾ ਰਸਤਾ ਇ) ਦੋ ਪਾਸੇ ਘੁੰਮਣ ਦਾ ਰਸਤਾ

15. ਕੁੜੀਆਂ ਭੱਜ ਕੇ ਕਿੱਥੇ ਚੜ੍ਹ ਗਈਆਂ ਸਨ?

ੳ) ਕੋਠੇ 'ਤੇ ਅ) ਦਰਖ਼ਤ 'ਤੇ ਇ) ਉੱਚੀ ਥਾਂ 'ਤੇ

16. ਰੰਗਾਂ ਦੀ ਖੇਡ ਕਿਹੜੀ ਹੁੰਦੀ ਹੈ?

ੳ) ਦੀਵਾਲੀ ਅ) ਵਿਸਾਖੀ ਇ) ਹੋਲੀ

P-III

3) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ। ਹਰ ਪ੍ਰਸ਼ਨ ਦੇ 2 ਅੰਕ ਹੋਣਗੇ। 16 ਅੰਕ

ੳ) ਸਾਡੇ ਦੇਸ ਦੇ ਉੱਤਰ ਵੱਲ ਕਿਹੜਾ ਪਰਬਤ ਹੈ?

.....

.....

ਅ) ਊਠਾਂ ਦੇ ਗਲ਼ਾਂ ਵਿੱਚ ਕੀ ਬੰਨ੍ਹੀਆਂ ਹੋਈਆਂ ਸਨ?

.....

.....

ੲ) ਧਰਤੀ ਨੂੰ ਹਰਿਆ-ਭਰਿਆ ਰੱਖਣ ਲਈ ਕੀ ਕਰਨਾ ਚਾਹੀਦਾ ਹੈ?

.....

.....

ਸ) ਸੜਕ 'ਤੇ ਜ਼ੈਬਰਾ-ਕ੍ਰਾਸਿੰਗ ਨਿਸ਼ਾਨ ਕਿਉਂ ਲੱਗੇ ਹੁੰਦੇ ਹਨ?

.....

.....

ਹ) ਗਾਂਧੀ ਜੀ ਨੂੰ ਜ਼ਿੰਦਗੀ ਭਰ ਕਿਸ ਗ਼ਲਤੀ ਦਾ ਪਛਤਾਵਾ ਰਿਹਾ?

.....

.....

ਕ) ਸਹੀ ਤਰਤੀਬ ਵਿਚ ਲਿਖੋ। (ਪਹਿਲੇ ਅੱਧੇ ਸਹੀ ਹੋਣ ਤੇ 1 ਅੰਕ ਸਾਰੇ ਸਹੀ ਹੋਣ 'ਤੇ 2 ਅੰਕ)

ਸੇ ਸਾ ਸੌ ਸਿ ਸੂ ਸੈ ਸੰ ਸੋ ਸੀ ਸਾਂ ਸ ਸੁ

.....

.....

ਖ) 'ਸਹੇਲੀ' ਦਾ 'ਸਹੇਲੀਆਂ' ਸ਼ਬਦ ਨਾਲ਼ ਜੋ ਸੰਬੰਧ ਹੈ ਇਸੇ ਤਰ੍ਹਾਂ 'ਵੱਡੀ' ਅਤੇ 'ਕੁੜੀ' ਦਾ ਸੰਬੰਧ ਕਿਸ ਸ਼ਬਦ ਨਾਲ਼ ਹੋਵੇਗਾ?

.....

.....

ਗ) ਸ੍ਰੀ ਹਰਿਮੰਦਰ ਸਾਹਿਬ ਨੂੰ 'ਗੋਲਡਨ ਟੈਂਪਲ' ਕਿਉਂ ਕਿਹਾ ਜਾਂਦਾ ਹੈ?

.....

.....

4) ਹੇਠਾਂ ਦਿੱਤੇ ਸ਼ਬਦਾਂ ਨੂੰ ਅਰਥਾਂ ਨਾਲ਼ ਮਿਲਾਓ:- 4 ਅੰਕ

ਆਵਾਜਾਈ	ਹੰਝੂ
ਕੰਢਾ	ਅਕਾਸ਼
ਅੰਬਰ	ਆਉਣਾ-ਜਾਣਾ
ਅੱਥਰੂ	ਕਿਨਾਰਾ

5) ਤਸਵੀਰਾਂ ਦੇਖ ਕੇ ਰੁੱਤਾਂ ਦੇ ਨਾਂ ਲਿਖੋ। 4 ਅੰਕ



1..... 2..... 3..... 4.....

P-IV

6. ਸਮਝੋ ਅਤੇ ਲਿਖੋ 4 ਅੰਕ

ਰਾਜਾ – ਰਾਣੀ

ਬਿੱਲਾ- ..... ਚੂਹਾ- .....

ਸ਼ੇਰ- ..... ਆਦਮੀ- .....

7. ਸਤਰਾਂ ਪੂਰੀਆਂ ਕਰੋ 4 ਅੰਕ

ੳ) ਬਿਸਤਰ 'ਚੋਂ ਉੱਠ ਜਲਦੀ ਜਾਈਏ,

.....

ਅ) ਹੱਥ ਧੋਤਿਆਂ ਬਿਨ ਨਾ ਖਾਈਏ,

.....

8. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ 4 ਅੰਕ

1 ਬਲਵਾਨ .....

2 ਗਾਲੜ੍ਹ.....

3 ਵਲਾਇਤ.....

4 ਸਵੇਰ.....

9. ਰੁੱਖਾਂ ਬਾਰੇ ਚਾਰ ਸਤਰਾਂ ਲਿਖੋ: 4 ਅੰਕ

ਜਾਂ

ਟ੍ਰੈਫ਼ਿਕ-ਲਾਈਟਾਂ ਸਾਨੂੰ ਕੀ ਦੱਸਦੀਆਂ ਹਨ, ਬਾਰੇ ਚਾਰ ਸਤਰਾਂ ਲਿਖੋ

.....

.....

.....

.....

.....

.....

10. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ: 6 ਅੰਕ

ੳ) ਦਰਿਆ ਨੇ ਬਿਰਖ਼ ਨੂੰ ਕੀ ਨਸੀਹਤ ਦਿੱਤੀ?

.....

.....

.....

P-V

ਅ) ਮਹਾਤਮਾ ਗਾਂਧੀ ਨੇ ਆਪਣੇ ਜੀਵਨ ਵਿੱਚ ਸਭ ਤੋਂ ਵੱਡੀ ਗ਼ਲਤੀ ਕਿਹੜੀ ਕੀਤੀ?

.....

.....

.....

ਏ) ਡਾਕਖ਼ਾਨਾ ਸਾਡੇ ਲਈ ਕੀ-ਕੀ ਕੰਮ ਕਰਦਾ ਹੈ?

.....

.....

.....

11. ਬੋਲ-ਲਿਖਤ (ਅਧਿਆਪਕ ਦੁਆਰਾ ਵੱਖ -ਵੱਖ ਪਾਠਾਂ ਵਿੱਚੋਂ ਪੰਜ ਵਾਕ (ਘੱਟੋ-ਘੱਟ ਪੰਜ ਸ਼ਬਦਾਂ ਦਾ ਵਾਕ) ਬੋਲ ਲਿਖਤ ਵਜੋਂ ਲਿਖਵਾਏ ਜਾਣਗੇ।) 5 ਅੰਕ

.....

.....

.....

.....

.....

.....

.....

12. ਸੁੰਦਰ ਲਿਖਾਈ ਵਿੱਚ ਲਿਖੋ 3 ਅੰਕ

ਖ਼ੁਸ਼ਹਾਲ ਸਿੰਘ ਮਹਾਰਾਜਾ ਰਣਜੀਤ ਸਿੰਘ ਦੀ ਖ਼ਾਸ ਡਿਓੜ੍ਹੀ ਅੱਗੇ ਪਹਿਰਾ ਦਿੰਦਾ ਸੀ। ਉਹ ਆਪਣਾ ਕੰਮ ਬੜੀ ਚੰਗੀ ਤਰ੍ਹਾਂ ਕਰਦਾ ਸੀ। ਮਹਾਰਾਜ ਉਸ ਉੱਤੇ ਬੜੇ ਖ਼ੁਸ਼ ਸਨ।

.....

.....

.....